**Punjabi**

# ਘਰੋਂ ਸ਼ੌਪਿੰਗ ਕਰਨਾ

ਇੰਟਰਨੈੱਟ ◆ ਮੇਲ ਆਰਡਰ ◆ ਟੈਲੀਫ਼ੋਨ ◆ ਫ਼ੈਕਸ ◆ ਡਿਜਿਟਲ ਟੈਲੀਵਿਯਨ

## ਖ਼ਰੀਦਾਰ ਦੇ ਤੌਰ 'ਤੇ ਤੁਹਾਡੇ ਕਾਨੂੰਨੀ ਹੱਕ

**ਜੇ ਤੁਸੀਂ ਇੰਟਰਨੈੱਟ, ਡਾਕ, ਟੈਲੀਫ਼ੋਨ, ਫ਼ੈਕਸ, ਜਾਂ ਡਿਜਿਟਲ ਟੈਲੀਵਿਯਨ ਰਾਹੀਂ ਚੀਜ਼ਾਂ ਜਾਂ ਸੇਵਾਵਾਂ ਖ਼ਰੀਦਦੇ ਹੋ, ਤਾਂ ਤੁਹਾਨੂੰ ਕੁਝ ਨਵੇਂ ਕਾਨੂੰਨੀ ਹੱਕ ਮਿਲੇ ਹਨ:**

1. **ਸਪਸ਼ਟ ਜਾਣਕਾਰੀ**

ਵੇਚਣ ਵਾਲੇ ਲਈ ਲਾਜ਼ਮੀ ਹੈ ਕਿ ਉਹ ਤੁਹਾਨੂੰ ਹੇਠ ਲਿਖੀਆਂ ਗੱਲਾਂ ਬਾਰੇ ਜਾਣਕਾਰੀ ਦੇਵੇ:

- ਉਹਦਾ ਨਾਂ, ਅਤੇ ਜੇ ਤੁਸੀਂ ਪੇਸ਼ਗੀ ਪੈਸੇ ਦੇਣੇ ਹਨ, ਤਾਂ ਉਹਦਾ ਡਾਕ ਪਤਾ;
- ਚੀਜ਼ਾਂ ਜਾਂ ਸੇਵਾਵਾਂ ਬਾਰੇ ਜਾਣਕਾਰੀ;
- ਕੀਮਤ, ਜਿਸ ਵਿਚ ਸਾਰੇ ਟੈਕਸ ਅਤੇ ਢੋਅ ਢੁਆਈ ਦਾ ਖ਼ਰਚ ਸ਼ਾਮਿਲ ਕੀਤਾ ਹੋਵੇ;
- ਪੈਸੇ ਦੇਣ ਦੇ ਪ੍ਰਬੰਧ;
- ਚੀਜ਼ਾਂ ਜਾਂ ਸੇਵਾ ਪਹੁੰਚਾਉਣ ਦੇ ਪ੍ਰਬੰਧ; ਅਤੇ
- ਆਰਡਰ ਕੈਂਸਲ ਕਰਨ ਦਾ ਹੱਕ ਅਤੇ ਇਹ ਵੀ ਕਿ ਕੀ ਚੀਜ਼ਾਂ ਵਾਪਸ ਭੇਜਣ ਦਾ ਖ਼ਰਚ ਦੇਣਾ ਤੁਹਾਡੀ ਜ਼ਿੰਮੇਦਾਰੀ ਹੋਏਗੀ।

ਉਹਦੇ ਲਈ ਤੁਹਾਨੂੰ ਇਹ ਗੱਲਾਂ ਦੱਸਣਾ ਵੀ ਜ਼ਰੂਰੀ ਹੈ:

- ਸੇਵਾਵਾਂ ਲਈ, ਕਾਂਟ੍ਰੈਕਟ ਦੀ ਘੱਟ ਤੋਂ ਘੱਟ ਮਿਆਦ - ਜੇ ਇਹ ਸੇਵਾ ਕੁਝ ਲੰਮੇ ਸਮੇਂ ਲਈ ਦਿੱਤੀ ਜਾਣੀ ਹੈ; ਅਤੇ
- ਕਿ ਇਹ ਪੇਸ਼ਕਸ਼ ਕਿੰਨੀ ਦੇਰ ਲਈ ਹੈ।

2. **ਸ਼ਾਂਤੀ ਨਾਲ ਸੋਚ ਵਿਚਾਰ ਕਰਨ ਲਈ ਸਮਾਂ** (**ਕੂਲਿੰਗ ਔਫ ਪੀਰੀਅਡ**)

ਜੇ ਤੁਸੀਂ ਆਪਣਾ ਵਿਚਾਰ ਬਦਲ ਲਓ, ਤਾਂ ਕਾਨੂੰਨ ਤੁਹਾਨੂੰ ਵਿਚਾਰ ਬਦਲਣ ਅਤੇ ਆਰਡਰ ਕੈਂਸਲ ਕਰਨ ਲਈ ਸੱਤ ਦਿਨਾਂ ਦਾ ਸਮਾਂ ਦਿੰਦਾ ਹੈ।

3. **ਹੇਰਾ ਫੇਰੀ ਤੋਂ ਤੁਹਾਡੇ ਕ੍ਰੈਡਿਟ ਕਾਰਡ ਦਾ ਬਚਾਓ**

ਜੇ ਕੋਈ ਬੇਈਮਾਨੀ ਜਾਂ ਹੇਰਾ ਫੇਰੀ ਨਾਲ ਤੁਹਾਡੇ ਪੇਅਮੈਂਟ ਕਾਰਡ ਦੀ ਵਰਤੋਂ ਘਰੋਂ ਕਿਸੇ ਕਿਸਮ ਦੀ ਸ਼ੌਪਿੰਗ ਕਰਨ ਲਈ ਕਰੇ, ਤਾਂ ਤੁਸੀਂ ਆਰਡਰ ਕੈਂਸਲ ਕਰ ਸਕਦੇ ਹੋ, ਅਤੇ ਕਾਰਡ ਜਾਰੀ ਕਰਨ ਵਾਲਿਆਂ ਨੂੰ ਇਹ ਪੈਸੇ ਤੁਹਾਡੇ ਅਕਾਉਂਟ ਵਿਚ ਲਾਜ਼ਮੀ ਤੌਰ 'ਤੇ ਵਾਪਸ ਕਰਨੇ ਪੈਣਗੇ।

### ਮਦਦ ਕਿੱਥੋਂ ਲਓ

ਤੁਸੀਂ ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਆਪਣੇ ਨੇੜੇ ਦੇ ਸਿਟੀਜ਼ਨਜ਼ ਐਡਵਾਈਸ ਬਿਊਰੋ ਜਾਂ ਟ੍ਰੇਡਿੰਗ ਸਟੈਂਡਰਡਜ਼ ਡਿਪਾਰਟਮੈਂਟ ਨਾਲ ਰਾਬਤਾ ਕਰ ਸਕਦੇ ਹੋ। ਇਹਨਾਂ ਦੇ ਪਤੇ ਅਤੇ ਟੈਲੀਫ਼ੋਨ ਨੰਬਰ ਤੁਹਾਨੂੰ ਆਪਣੀ ਫ਼ੋਨ ਬੁੱਕ ਵਿਚ ਮਿਲ ਜਾਣਗੇ। ਤੁਸੀਂ ਆਫ਼ਿਸ ਆੱਫ਼ ਫ਼ੇਅਰ ਟ੍ਰੇਡਿੰਗ ਨੂੰ ਵੀ ਉਹਨਾਂ ਦੀ ਕੰਨਜ਼ਿਊਮਰ ਲਾਈਨ ਨੰਬਰ 08457 22 44 99 'ਤੇ ਫ਼ੋਨ ਕਰ ਸਕਦੇ ਹੋ।

ਜੇ ਤੁਹਾਡੇ ਕੋਲ ਇੰਟਰਨੈੱਟ ਹੈ, ਤਾਂ ਤੁਸੀਂ ਇਹਨਾਂ ਵੈੱਬਸਾਈਟਾਂ ਤੋਂ ਵੀ ਸਲਾਹ ਲੈ ਸਕਦੇ ਹੋ:
www.adviceguide.org.uk, www.tradingstandards.gov.uk, www.oft.gov.uk, ਜਾਂ ਤੁਸੀਂ ਡੀ.ਟੀ.ਆਈ (ਵਪਾਰ ਅਤੇ ਸੱਨਅਤ ਵਿਭਾਗ) ਦੀ ਇਸ **ਕਨਜ਼ਿਊਮਰ ਗੇਟਵੇਅ** ਵੈੱਬਸਾਈਟ 'ਤੇ ਵੀ ਜਾ ਸਕਦੇ ਹੋ - www.consumer.gov.uk